BCM School Basant Avenue Dugri Ludhiana

Class XII Punjabi

Assignment Solution

1.ਵਾਕ ਵਟਾਂਦਰਾ- ਹੇਠ ਲਿਖੇ ਕਰਤਰੀ ਵਾਚ ਨੂੰ ਕਰਮਣੀ ਵਾਚ ਵਿਚ ਬਦਲਦੇ ਹੋਏ ਵਾਕ ਵਟਾਂਦਰਾ ਕਰੋ –

1. ਰੌਲ਼ਾ ਨਾ ਪਾਓ । ਰੌਲ਼ਾ ਨਾ ਪੈਣ ਦਿਓ।

2. ਚਿੱਠੀ ਪਾ ਦਿਓ। ਚਿੱਠੀ ਪਾ ਦਿੱਤੀ ਜਾਵੇ।

3. ਮੈਂ ਗੀਤ ਗਾ ਰਿਹਾ ਹਾਂ। ਗੀਤ ਮੇਰੇ ਦੁਆਰਾ ਗਾਇਆ ਜਾ ਰਿਹਾ ਹੈ।

4. ਤਰਖਾਣ ਮੇਜ਼ ਬਣਾ ਰਿਹਾ ਹੈ। ਮੇਜ ਤਰਖਾਣ ਦੁਆਰਾ ਬਣਾਇਆ ਜਾ ਰਿਹਾ ਹੈ।

5. ਇਥੋਂ ਦੇ ਲੋਕ ਸੱਚ ਬੋਲਦੇ ਹਨ। ਸੱਚ ਇੱਥੋਂ ਦੇ ਲੋਕਾਂ ਦੁਆਰਾ ਬੋਲਿਆ ਜਾਂਦਾ ਹੈ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ -

1.ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ ਕਿਹੜੇ ਹਨ? ਕਿਸੇ ਇਕ ਮੇਲੇ ਬਾਰੇ ਨੋਟ ਲਿਖੋ।

Ans - ਬਦਲਦੀਆਂ ਹੋਈਆਂ ਰੁੱਤਾਂ ਦੇ ਗੇੜ ਵਿੱਚੋਂ ਇਹਨਾਂ ਮੇਲਿਆਂ ਦਾ ਜਨਮ, ਬਸੰਤ ,ਹੋਲੀ ,ਤੀਆਂ ਆਦਿ।

2. ਮੁਕਤਸਰ ਦੇ ਮੇਲੇ ਨਾਲ ਸੰਬੰਧਿਤ ਇਤਿਹਾਸਿਕ ਘਟਨਾ ਦਾ ਬਿਆਨ ਕਰੋ।

Ans- 1705 ਈਸਵੀ ਵਿੱਚ ਖਿਦਰਾਣੇ ਦੇ ਤਾਲ ਕੰਡੇ ਸਿੰਘਾਂ ਅਤੇ ਮੁਗਲਾਂ ਵਿਚਕਾਰ ਮੁਕਾਬਲਾ, 40 ਸਿੰਘਾਂ ਦਾ ਬੇਦਾਵਾ ਪਾੜਨ ਦੀ ਬੇਨਤੀ ਕਰਨਾ, ਜਥੇਦਾਰ ਮਹਾ ਸਿੰਘ ਦੀ ਬੇਨਤੀ ਅਤੇ ਟੁੱਟੀ ਮੁੜ ਗੰਢਣਾ, ਸ਼ਹੀਦ ਸਿੰਘਾਂ ਨੂੰ ਮੁਕਤੇ ਕਹਿ ਕੇ ਸਨਮਾਨਣਾ, ਜਗ੍ਹਾ ਦਾ ਨਾਮ ਮੁਕਤਸਰ ਪੈਣਾ।

3.ਕਰਵਾ ਚੌਥ ਬਾਰੇ ਜਾਣਕਾਰੀ ਦਿਓ।

Ans-ਹਨੇਰੇ ਪੱਖ ਦੀ ਚੌਥੀ ਤਿਥ ਨੂੰ, ਸੁਹਾਗਣਾਂ ਦੁਆਰਾ ਨਿਰਜਲ ਵਰਤ ਰੱਖਣਾ।

4. ਜੀਵ ਦੀ ਮੌਤ ਹੋਣ ਤੇ ਕਿਹੜੀਆਂ -ਕਿਹੜੀਆਂ ਰਸਮਾਂ ਹੁੰਦੀਆਂ ਹਨ?

Ans-ਵੈਣ ਤੇ ਢੂਹੜੀ, ਇਸ਼ਨਾਨ ਅਤੇ ਅੰਤਿਮ ਯਾਤਰਾ, ਅਰਥੀ ਦੀ ਤਿਆਰੀ ,ਚਿਖਾ ਨੂੰ ਅਗਨੀ ਦੇਣੀ, ਕਪਾਲ ਕਿਰਿਆ ,ਮੁਰਦੇ ਨਾਲ ਸਬੰਧ ਤੋੜਨਾ, ਫੁੱਲ ਚੁਗਣੇ ,ਦਸਤਾਰਬੰਦੀ ਦੀ ਰਸਮ।

5. ਮਾਈਏਂ ਜਾਂ ਵਟਣੇ ਦੀ ਰਸਮ ਬਾਰੇ ਤੁਸੀ ਕੀ ਜਾਣਦੇ ਹੋ?

Ans- ਵਿਆਹ ਨਾਲ ਸੰਬੰਧਿਤ ਰਸਮ, ਠੂਠੀ ਵਿੱਚ ਤੇਲ, ਹਲਦੀ ਅਤੇ ਪਾਣੀ ਮਿਲਾ ਕੇ ਵੱਟਣਾ ਲਗਾਉਣਾ।

6. ਲੋਕ ਖੇਡਾਂ ਮਨੁੱਖ ਨੂੰ ਕਿਹੜੀਆਂ ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ?

Ans- ਰੂਹ ਦੀ ਖ਼ੁਸ਼ੀ, ਖੇੜੇ ਦੀ ਭਾਵਨਾ, ਮਨੋਬਲ ਵਿੱਚ ਵਾਧਾ,ਜੀਵਨ ਪ੍ਰਤੀ ਪਕੇਰਾ ਵਿਸ਼ਵਾਸ਼, ਸਰੀਰ ਨੂੰ ਰਿਸ਼ਟ- ਪੁਸ਼ਟ ਅਤੇ ਫੁਰਤੀਲਾ ਬਣਾਉਣਾ, ਮੁਸ਼ਕਿਲਾਂ ਨਾਲ ਜੂਝਣ ਦੀ ਸਿੱਖਿਆ ।

7. ਪੰਜਾਬ ਦੀ ਲੋਕ ਨਾਚ ਪਰੰਪਰਾ ਅਤੇ ਇਸ ਦੀ ਪ੍ਰਾਚੀਨਤਾ ਤੋਂ ਜਾਣੂ ਕਰਵਾਓ।

Ans- ਪੰਜ ਹਜ਼ਾਰ ਪੂਰਵ ਈਸਵੀ ਦੇ ਸਮੇਂ ਤੋਂ ਨਾਚ ਨੱਚਣ ਦੀ ਪਰੰਪਰਾ, ਤਬਦੀਲੀਆਂ ਦਾ ਆਉਣਾ,ਲੋਕ ਨਾਚਾਂ ਵਿੱਚ ਤਬਦੀਲੀ ਆਉਣਾ।

8. ਲੁੱਡੀ ਨਾਂ ਦੇ ਲੋਕ ਨਾਚ ਬਾਰੇ ਜਾਣਕਾਰੀ ਦਿਓ।

Ans-ਪੰਜਾਬ ਦੇ ਉੱਤਰ ਪੱਛਮੀ ਨੀਮ ਪਹਾੜੀ ਅਤੇ ਕੁਝ ਮੈਦਾਨੀ ਇਲਾਕਿਆਂ ਵਿੱਚ ਪ੍ਰਚਲਿਤ ਹੋਣਾ, ਲਚਕ ਅਤੇ ਮਸਤੀ ਭਰਪੂਰ ਅਦਾਵਾਂ ਵਾਲਾ, ਜਿੱਤ ਦੀ ਖੁਸ਼ੀ ਦਾ ਨਾਚ, ਢੋਲ ਦੀ ਤਾਲ ਦੀ ਲੋੜ, ਇਸ ਵਿੱਚ ਲੋਕ ਗੀਤ ਨਾ ਹੋਣਾ ਬਲਕਿ ਨਚਾਰਾਂ ਦੁਆਰਾ ਮੂੰਹੋਂ ਅਵਾਜ਼ਾਂ ਕੱਢ ਕੇ ਨੱਚਣਾ।